BCM School , Basant Avenue,Dugri Ludhiana
Assignment Vlll Punjabi (004)

| | | |
|---|---|---|
| ਪ੍ਰਸ਼ਨ 1 | ਅਣਡਿੱਠਾ ਪੈਰ੍ਹਾ<br>ਭਾਰਤ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਅਜ਼ਾਦੀ ਦਿਵਾਉਣ ਲਈ ਅਨੇਕਾਂ ਹੀ ਦੇਸ- ਭਗਤਾਂ ਨੇ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ ਜਿਹਨਾਂ ਵਿੱਚੋਂ ਪੰਜਾਬ ਦੇ ਸੂਰਬੀਰਾਂ ਦਾ ਨਾਂ ਸਭ ਤੋਂ ਪਹਿਲਾਂ ਲਿਆ ਜਾਂਦਾ ਹੈ। ਭਗਤ ਸਿੰਘ, ਸੁਖਦੇਵ, ਰਾਜਗੁਰੂ, ਕਰਤਾਰ ਸਿੰਘ ਸਰਾਭਾ, ਊਧਮ ਸਿੰਘ, ਲਾਲਾ ਲਾਜਪਤ ਰਾਏ ਉਹ ਮਹਾਨ ਸ਼ਹੀਦ ਹੋਏ ਹਨ ਜਿਹਨਾਂ ਦੇ ਡੁੱਲੇ ਖ਼ੂਨ ਨੂੰ ਦੇਸ-ਵਾਸੀ ਕਦੇ ਵੀ ਭੁਲਾ ਨਹੀਂ ਸਕਣਗੇ। ਭਗਤ ਸਿੰਘ, ਸੁਖਦੇਵ, ਰਾਜਗੁਰੂ ਨੇ ਹੱਸ- ਹੱਸ ਕੇ ਫਾਂਸੀ ਦੇ ਰੱਸੇ ਨੂੰ ਚੁੰਮਿਆ। ਊਧਮ ਸਿੰਘ ਨੇ ਜਲ੍ਹਿਆਂ ਵਾਲੇ ਬਾਗ਼ ਦੇ ਖ਼ੂਨੀ ਸਾਕੇ ਦਾ ਬਦਲਾ, ਉਸ ਕਾਂਡ ਦੇ ਜਿੰਮੇਵਾਰ ਓਡਵਾਇਰ ਨੂੰ ਮਾਰ ਕੇ ਲਿਆ। ਕਰਤਾਰ ਸਿੰਘ ਸਰਾਭਾ ਗਦਰ ਲਹਿਰ ਦਾ ਇੱਕ ਮਹਾਨ ਸਿਪਾਹੀ ਸੀ, ਜਿਸ ਨੇ ਛੋਟੀ ਉਮਰ ਵਿੱਚ ਹੀ ਸ਼ਹੀਦੀ ਪ੍ਰਾਪਤ ਕੀਤੀ ਲਾਲਾ ਲਾਜਪਤ ਰਾਏ ਸਾਈਮਨ ਕਮਿਸ਼ਨ ਦਾ ਵਿਰੋਧ ਕਰਦੇ ਹੋਏ ਅੰਗਰੇਜ਼ ਪੁਲਿਸ ਦੀਆਂ ਲਾਠੀਆਂ ਦਾ ਸ਼ਿਕਾਰ ਹੋਏ ।ਇਸ ਤਰਹਾਂ ਇਹਨਾਂ ਪੰਜਾਬ ਦੇ ਮਹਾਨ ਸ਼ਹੀਦਾਂ ਦੀ ਬਦੌਲਤ ਭਾਰਤ 15 ਅਗਸਤ 1947 ਨੂੰ ਅਜ਼ਾਦ ਹੋਇਆ।<br>ਪ੍ਰਸ਼ਨ1 -ਊਧਮ ਸਿੰਘ ਨੇ ਕਿਸ ਨੂੰ ਮਾਰ ਕੇ ਬਦਲਾ ਲਿਆ?<br>A ਮੈਕਲੇ ਨੂੰ B ਓਡਵਾਇਰ ਨੂੰ C ਡਾਇਰ ਨੂੰ D ਡਲਹੌਜੀ ਨੂੰ<br>ਪ੍ਰਸ਼ਨ 2 ਪੈਰ੍ਹੇ ਦਾ ਮੁੱਖ ਉਦੇਸ਼ ਕੀ ਹੈ?<br>A ਭਾਰਤ ਦੇ ਭਗੋਲ ਬਾਰੇ ਦੱਸਣਾ<br>B ਭਗਤ ਸਿੰਘ ਅਤੇ ਅਜ਼ਾਦੀ ਦੇ ਸੰਘਰਸ਼ ਨਾਲ ਜੁੜੀਆਂ ਗੱਲਾਂ ਦੱਸਣਾ<br>C ਅੰਗਰੇਜ਼ੀ ਭਾਸ਼ਾ ਸਿਖਾਉਣਾ<br>D ਪੰਜਾਬ ਦੇ ਤਿਉਹਾਰਾਂ ਬਾਰੇ ਦੱਸਣਾ<br>ਪ੍ਰਸ਼ਨ -3 ਕਰਤਾਰ ਸਿੰਘ ਸਰਾਭਾ ਕਿਸ ਲਹਿਰ ਨਾਲ ਸਬੰਧਤ ਸੀ?<br>A ਸ਼ੁੱਕਰਚੁਕੀਆ B ਗ਼ਦਰ ਲਹਿਰ C ਫੂਲਾ ਲਹਿਰ D ਸਾਰਿਆਂ ਨਾਲ<br>ਪ੍ਰਸ਼ਨ -2 ਅਣਡਿੱਠੀ ਕਾਵਿ- ਟੁਕੜੀ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖੋ।<br>ਚੁੰਮ- ਚੁੰਮ ਰੱਖੋ ਨੀ ਇਹ ਕਲਗੀ ਜੁਝਾਰ ਦੀ,<br>ਫੁੱਲਾਂ ਨਾਲ ਗੁੰਦੋ ਲੜੀ ਹੀਰਿਆਂ ਦੇ ਹਾਰ ਦੀ।<br>ਜੰਗ ਵਿੱਚ ਲੜ ਕੇ ਸਿਪਾਹੀ ਮੇਰੇ ਆਉਣਗੇ,<br>ਚੰਨਾਂ ਦਿਆਂ ਚਿਹਰਿਆਂ 'ਚੋਂ ਚੰਨ ਮੁਸਕਾਉਣਗੇ।<br>ਵਿਹੜੇ ਵਿੱਚ ਠਾਠਾਂ ਮਾਰੇ ਖੁਸ਼ੀ ਸੰਸਾਰ ਦੀ।<br>ਪ੍ਰਸ਼ਨ -1 ਜੰਗ ਵਿੱਚ ਕੌਣ ਲੜਨ ਲਈ ਗਿਆ ਸੀ?<br>ਪ੍ਰਸ਼ਨ -2 ਵਿਹੜੇ ਵਿੱਚ ਖੁਸ਼ੀਆਂ,ਰੌਣਕਾਂ ਕਿੰਨ੍ਹਾ ਨਾਲ ਹੁੰਦੀਆਂ ਹਨ? | |

| | | |
|---|---|---|
| ਪ੍ਰਸ਼ਨ 2 | ਵਿਆਕਰਨ<br>1.ਸ਼ਬਦ ਬੋਧ ਦੀ ਪਰਿਭਾਸ਼ਾ ਲਿਖੋ?<br>2. ਸਮਾਸੀ ਸ਼ਬਦਾਂ ਵਿਚਕਾਰ ਕਿਹੜਾ ਵਿਸ਼ਰਾਮ ਚਿੰਨ੍ਹ ਲੱਗਦਾ ਹੈ?<br>3.ਮੁਹਾਵਰੇ (ਅਰਥ +ਵਾਕ)- ਸਬਰ ਦਾ ਘੁੱਟ ਭਰਨਾ, ਇੱਕੋ ਤੱਕੜੀ ਦੇ ਵੱਟੇ ਹੋਣਾ<br>4. ਗ਼ਰੀਬ ਆਦਮੀ ਲਾਚਾਰ ਸੀ ਪੈਸੇ ਨਾ ਹੋਣ ਕਰਕੇ ਉਹ ਆਪਣੇ ਬੱਚੇ ਦਾ ਇਲਾਜ ਨਹੀਂ ਕਰਵਾ ਸਕਿਆ। ਵਾਕ ਵਿੱਚ ਲਾਚਾਰ ਸ਼ਬਦ ਵਿੱਚ ਲੱਗਾ ਸਹੀ ਅਗੇਤਰ ਸ਼ਬਦ ਚੁਣੋ?<br>A. ਲ B. ਲਾਅ C. ਲਾ D. ਇਹਨਾਂ ਵਿੱਚੋਂ ਕੋਈ ਵੀ ਨਹੀਂ<br>5. ਗੂੜੇ ਰੰਗ ਦੇ ਸੂਟ ਫੱਬਦੇ ਹਨ-------- ਨਹੀਂ। ਵਾਕ ਵਿੱਚ ਸਹੀ ਵਿਰੋਧੀ ਸ਼ਬਦ ਚੁਣ ਕੇ ਭਰੋ?<br>A. ਸੂਹਾ B. ਫਿੱਕਾ C. ਸੰਤਰੀ D. A ਅਤੇ B ਦੋਵੇਂ<br>6. ਤਿਰਕਾਲਾਂ ਸ਼ਬਦ ਦਾ ਸਹੀ ਸਮਾਨਾਰਥਕ ਸ਼ਬਦ ਚੁਣੋ ?<br>A ਸਵੇਰ B ਸੰਝ C ਦੁਪਹਿਰ D ਕੋਈ ਵੀ ਨਹੀਂ | |
| ਪ੍ਰਸ਼ਨ-3 | ਲੇਖ<br>ਮਹਾਤਮਾ ਗਾਂਧੀ<br>ਜ਼ਰੂਰੀ ਨੁਕਤੇ- ਜਾਣ- ਪਛਾਣ,ਜਨਮ ਅਤੇ ਬਚਪਨ, ਵਿਦਿਆ ਪ੍ਰਾਪਤੀ, ਭਾਰਤ ਪਰਤਣਾ , ਦੱਖਣੀ ਅਫ਼ਰੀਕਾ ਜਾਣਾ, ਭਾਰਤ ਆ ਕੇ ਅੰਦੋਲਨ ਅਰੰਭ ਕਰਨੇ, ਭਾਰਤ ਛੱਡੋ ਅੰਦੋਲਨ ,ਸ਼ਹੀਦੀ | |
| ਪ੍ਰਸ਼ਨ 4 | ਛੋਟੇ ਪ੍ਰਸ਼ਨ ਉੱਤਰ<br>1. ਰਾਜਗੁਰੂ ਦੇ ਪਿਤਾ ਦਾ ਕੀ ਨਾਂ ਸੀ?<br>2. ਯੋਗ ਰਾਜ ਦੇ ਪਿੰਡ ਦੀ ਤਹਿਸੀਲ ਕਿਹੜੀ ਹੈ?<br>3. ਓਜੋਨ ਪਰਤ ਦਾ ਘਾਣ ਕਿਸ ਤਰ੍ਹਾਂ ਹੋਇਆ ਹੈ? | |
| ਪ੍ਰਸ਼ਨ 5 | ਵੱਡੇ ਪ੍ਰਸ਼ਨ ਉੱਤਰ<br>1.ਕੰਵਲਨੈਣ ਬਾਰੇ ਲੋਕਾਂ ਦੇ ਕੀ ਵਿਚਾਰ ਸਨ?<br>2. ਯੋਗ ਰਾਜ ਨੇ ਆਪਣੀ ਜ਼ਿੰਦਗੀ ਵਿੱਚ ਕਿਸ ਤਰ੍ਹਾਂ ਸੰਘਰਸ਼ ਕੀਤਾ, ਆਪਣੇ ਸ਼ਬਦਾਂ ਵਿੱਚ ਲਿਖੋ? | |
| ਪ੍ਰਸ਼ਨ 6 | ਸਾਡੀ ਧਰਤੀ ਕਵਿਤਾ ਦਾ ਕੇਂਦਰੀ ਭਾਵ ਲਿਖੋ ? | |
| ਪ੍ਰਸ਼ਨ 7 | ਪਾਠ -ਪੁਸਤਕ<br>1. ਸ਼ਬਦ ਅਰਥ -ਧਨੀ ਤੇਗ ਦੇ, ਡਾਢੀ, ਮੰਤਵ<br>2 ਵਾਕ ਬਣਾਓ - ਅਸਾਮੀ, ਆਰਥਿਕ<br>3.ਲਿੰਗ ਬਦਲੋ - ਕਵੀ<br>4. ਵਿਰੋਧੀ ਸ਼ਬਦ- ਸਿੱਧੀਆਂ, ਅਸਾਨ, ਉਸਤਾਦ<br>5. ਸ਼ੁੱਧ ਕਰੋ -ਸਰਗੀ ਵੈਲਾ | |